Government of Canada / Gouvernement du Canada



# ਸਾਵਧਾਨ ਰਹੋ ਅਤੇ ਘੋਸ਼ਿਤ ਕਰੋ!

## ਕੈਨੇਡਾ ਦੀ ਸੁਰੱਖਿਆ ਵਿੱਚ ਆਪਣੀ ਭੂਮਿਕਾ ਅਦਾ ਕਰੋ। ਸਾਰੇ ਖਾਣ ਵਾਲੇ ਪਦਾਰਥ, ਬੂਟੇ, ਜਾਨਵਰ ਤੇ ਸੰਬੰਧਿਤ ਵਸਤੂ ਘੋਸ਼ਿਤ ਕਰੋ

Canada

## ਆਪਣੇ ਖਾਣ ਵਾਲੇ ਪਦਾਰਥ, ਬੂਟੇ ਅਤੇ ਜਾਨਵਰਾਂ ਦੀ ਰੱਖਿਆ ਕਰ ਰਹੇ ਹਨ

### ਕੈਨੇਡਾ ਲਈ ਕੀ-ਕੀ ਖਤਰੇ ਵਿੱਚ ਹੈ?

ਦੂਜੇ ਦੇਸ਼ਾਂ ਤੋਂ ਆਉਣ ਵਾਲੇ ਖਾਣ ਵਾਲੇ ਪਦਾਰਥ, ਬੂਟੇ, ਜਾਨਵਰ ਤੇ ਸੰਬੰਧਿਤ ਵਸਤੂਆਂ, ਕੈਨੇਡਾ ਵਿੱਚ ਬਿਮਾਰੀਆਂ, ਘਾਤਕ ਰੋਗ ਅਤੇ ਵਾਇਰਸ ਲਿਆ ਸਕਦੇ ਹਨ। ਇਹ ਸਭ ਕੈਨੇਡਾ ਦੇ ਜਾਨਵਰਾਂ, ਬੂਟਿਆਂ ਅਤੇ ਕੁਦਰਤੀ ਵਾਤਾਵਰਣ ਨੂੰ ਖਤਰੇ ਵਿੱਚ ਪਾ ਸਕਦੇ ਹਨ।

ਜਿੰਨ੍ਹਾਂ ਚੀਜਾਂ ਨੂੰ ਤੁਸੀ ਨੁਕਸਾਨ-ਰਹਿਤ ਸੋਚਦੇ ਹੋ (ਜਿਵੇਂ ਕਿ ਲ਼ੱਕੜ ਦੀਆਂ ਤਰਾਸ਼ੀਆਂ ਹੋਈਆਂ ਜਾਂ ਫਲ) ਆਪਣੇ ਨਾਲ ਕੀੜੇ-ਮਕੌੜੇ ਲਿਆ ਸਕਦੇ ਹਨ ਜੋ ਕੈਨੇਡਾ ਦੇ ਜੰਗਲਾਂ ਅਤੇ ਕਿਸਾਨੀ ਨੂੰ ਬਹੁਤ ਨੁਕਸਾਨ ਪਹੁੰਚਾ ਸਕਦੇ ਹਨ।

ਮਾਸ ਅਤੇ ਜਾਨਵਰਾਂ ਦੇ ਹੋਰ ਪਦਾਰਥ ਏਵੀਅਨ ਇਨਫਲੂ ਐਂਜਾਂ ("ਬਰਡ ਫਲੂ ") ਜਾਂ ਜਾਨਵਰਾਂ ਦੀਆਂ ਹੋਰ ਬਿਮਾਰੀਆਂ ਫੈਲਾ ਸਕਦੇ ਹਨ, ਜੋ ਕਿਸਾਨੀ, ਖਾਦ ਸੁਰੱਖਿਆ ਅਤੇ ਮਾਨਵ ਸਿਹਤ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਇਨ੍ਹਾਂ ਖਤਰਿਆਂ ਕਾਰਨ, ਆਪ ਵਲੋਂ ਕੈਨੇਡਾ ਵਿੱਚ ਲਿਆਂਦੇ ਜਾ ਸਕਣ ਵਾਲੇ ਪਦਾਰਥਾਂ ਤੇ ਰੋਕ ਹੈ।

### ਤੁਹਾਡਾ ਰੋਲ (ਫਰਜ਼)

**ਕੈਨੇਡਾ ਨੂੰ ਛੱਡਣ ਤੋ ਪਹਿਲਾਂ**

- ਇਸ ਗੱਲ ਦੀ ਜਾਣਕਾਰੀ ਰੱਖੋ ਕਿ ਜਿਸ ਦੇਸ਼ ਵਿੱਚ ਤੁਸੀ ਜਾਓਗੇ ਉੱਥੋਂ ਕਿਹੜੇ ਪਦਾਰਥ ਵਾਪਸ ਲਿਆ ਸਕਦੇ ਹੋ।
- www.Beware.gc.ca ਵੈੱਬਸਾਈਟ ਤੇ ਜਾਕੇ "Beware and Declare! (ਸਾਵਧਾਨ ਰਹੋ ਅਤੇ ਘੋਸ਼ਿਤ ਕਰੋ)" ਦੇਖੋ।
- ਜੇ ਤੁਸੀ ਪ੍ਰਿਤਬੰਧਿਤ ਪਦਾਰਥ ਕੈਨੇਡਾ ਵਿੱਚ ਲਿਆਉਣਾ ਚਾਹੁੰਦੇ ਹੋ ਤਾਂ ਕੈਨੇਡਿਅਨ ਫੂਡ ਇੰਸਪੈਕਸ਼ਨ ਏਜੰਸੀ (CFIA) ਤੋ ਆਯਾਤ ਪਰਮਿਟ ਦੀ ਦਰਖਾਸਤ ਕਰੋ।



**ਜਦੋ ਕੈਨੇਡਾ ਵਿੱਚ ਪ੍ਵੇਸ਼ ਕਰੋ**

- ਸਾਰੇ ਖਾਣ ਵਾਲੇ ਪਦਾਰਥ, ਬੂਟੇ, ਜਾਨਵਰ ਤੇ ਸੰਬੰਧਿਤ ਵਸਤੂ ਘੋਸ਼ਿਤ ਕਰੋ। ਇਹ ਕਾਨੂੰਨ ਹੈ।
- ਕੈਨੇਡਾ ਬੌਰਡਰ ਸਰਵਿੱਸਸ ਏਜੰਸੀ ਦਾ ਘੋਸ਼ਣਾ ਕਾਰਡ ਭਰੋ। ਜੇ ਵਿਦੇਸ਼ ਵਿੱਚ ਤੁਸੀ ਕਿਸੇ ਫਾਰਮ ਵਿੱਚ ਗਏ ਸੀ, ਤਾਂ ਕਾਰਡ ਦੇ ਓਚਿਤ ਹਿੱਸਿਆਂ ਨੂੰ ਭਰਨਾ ਨਾਂ ਭੁੱਲੋ।
- ਜੇ ਵਿਦੇਸ਼ ਵਿੱਚ ਤੁਸੀ ਕਿਸੇ ਫਾਰਮ ਵਿੱਚ ਗਏ ਸੀ ਜਾਂ ਜੰਗਲੀ ਜਾਨਵਰਾਂ ਦੇ ਸੰਪਰਕ ਵਿਚ ਆਏ ਸੀ ਤਾਂ, 14 ਦਿਨਾਂ ਤੱਕ ਕੈਨੇਡਾ ਦੇ ਫਾਰਮ, ਅਜਾਇਬ-ਘਰ ਜਾਂ ਜੰਗਲੀ-ਜੀਵ ਪਾਰਕ ਵਿੱਚ ਨਾ ਜਾਓ। ਜਿਹੜੇ ਜੁੱਤੇ-ਚੱਪਲਾਂ ਨੂੰ ਪਾਕੇ ਕਿਸੇ ਫਾਰਮ ਵਿੱਚ ਗਏ ਸੀ ਜਾਂ ਜੰਗਲੀ ਪੰਛੀਆਂ ਦੇ ਸੰਪਰਕ ਵਿਚ ਆਏ ਸੀ, ਓਹਨਾਂ ਨੂੰ ਕਿਟਾਣੂ-ਰਹਿਤ (ਡਿੱਸਇੰਨਫੈਕਟ) ਕਰੋ। ਅਤੇ ਆਪਣਿਆਂ ਕਪੜਿਆਂ ਨੂੰ ਚੰਗੀ ਤਰਾਂ ਧੋਵੋ ਅਤੇ ਜ਼ਿਆਦਾ ਤਾਪਮਾਨ ਤੇ ਸੁਖਾਵੋ।

### ਘੋਸ਼ਣਾ ਕਰਨਾ ਕਾਨੂੰਨੀ ਜ਼ਰੂਰਤ ਹੈ।

ਕਾਨੂੰਨ ਮੰਗ ਕਰਦਾ ਹੈ ਕਿ ਕੈਨੇਡਾ ਵਿੱਚ ਪ੍ਵੇਸ਼ ਕਰਨ ਦੇ ਸਮੇਂ ਸਾਰੇ ਖਾਣ ਵਾਲੇ ਪਦਾਰਥ, ਬੂਟੇ, ਜਾਨਵਰ ਤੇ ਸੰਬੰਧਿਤ ਵਸਤੂ ਘੋਸ਼ਿਤ ਕਰੋ।

ਜੇ ਤੁਸੀ ਘੋਸ਼ਿਤ ਨਹੀ ਕਰਦੇ ਤਾਂ ਤੁਹਾਡੇ ਨਾਲ ਇਹ ਹੋ ਸਕਦਾ ਹੈ

- ਤੁਹਾਡੇ ਪਦਾਰਥ ਜ਼ਬਤ ਹੋ ਸਕਦੇ ਹਨ
- ਹਰ ਇੱਕ ਬਿਨਾਂ ਘੋਸ਼ਿਤ ਪਦਾਰਥ ਦੇ ਲਈ $1300 ਤੱਕ ਜ਼ੁਰਮਾਨਾ ਹੋ ਸਕਦਾ ਹੈ
- ਮੁਕੱਦਮਾ ਹੋ ਸਕਦਾ ਹੈ

ਕੈਨੇਡਾ ਵਿਸ਼ੇਸ਼ ਢੰਗ ਨਾਲ ਸਿੱਖਿਅਤ ਜਸੂਸੀ (ਡਿਟੈਕਟਿਵ) ਕੁੱਤੇ ਕੰਮ ਵਿੱਚ ਲਿਆਂਉਦਾ ਹੈ ਅਤੇ ਯਾਤਰਿਆਂ ਦਵਾਰਾ ਦੇਸ਼ ਦੇ ਅੰਦਰ ਲਿਆਏ ਜਾਣ ਵਾਲੇ ਵਿਸ਼ੇਸ਼ ਪਦਾਰਥਾਂ ਦਾ ਪਤਾ ਲਾਉਣ ਲਈ ਹੋਰ ਉਪਕਰਣ ਵੀ ਵਰਤਦਾ ਹੈ।

ਕੁੱਝ ਹਵਾਈ ਅੱਡਿਆਂ ਤੇ ਅਜਿਹੇ ਬਿਨ ਉਪਲੱਬਧ ਹਨ ਜਿੱਥੇ ਕੈਨੇਡਿਅਨ ਬਾਰਡਰ ਸਰਵਿੱਸਜ਼ ਏਜੰਸੀ ਦੇ ਸਾਹਮਣੇ ਜਾਣ ਤੋ ਪਹਿਲਾਂ ਬਿਨਾਂ ਜ਼ੁਰਮਾਨੇ ਤੋ ਪ੍ਰਿਤਬੰਧਿਤ ਪਦਾਰਥ ਸੁੱਟ ਸਕਦੇ ਹੋ।

## ਕੈਨੇਡਾ ਵਿੱਚ ਤੁਸੀਂ ਕਿਹੜੇ ਪਦਾਰਥ ਲਿਆ ਸਕਦੇ ਹੋ?

ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਯਾਤਰਾ ਤੋ ਪਹਿਲਾਂ ਤੁਸੀਂ ਨਵੀਨਤਮ ਵਰਤਮਾਨ ਪ੍ਰਿਤਬੰਧਾਂ ਬਾਰੇ ਪਤਾ ਲਾਓ।

ਖਾਣ ਵਾਲੇ ਪਦਾਰਥ, ਬੂਟੇ, ਜਾਨਵਰ ਜਾਂ ਸੰਬੰਧਿਤ ਵਸਤੂ ਜੋ ਤੁਸੀਂ ਕੈਨੇਡਾ ਵਿੱਚ ਲਿਆਉਣੇ ਚਾਹੁੰਦੇ ਹੋ, ਉਹਨਾਂ ਤੇ ਪ੍ਰਿਤਬੰਧਾਂ ਦੀ ਜਾਣਕਾਰੀ ਦੇ ਲਈ www.Beware.gc.ca ਦੇਖੋ ਜਾਂ ਬਾਰਡਰ ਇਨਫਰਮੇਸ਼ਣ ਸਰਵਿਸ (BIS) ਲਾਈਨ ਤੇ ਸੰਪਰਕ ਕਰੋ:

- ਕੈਨੇਡਾ ਦੇ ਅੰਦਰ BIS ਨੂੰ,
  1-800-461-9999
  (ਟੀ ਟੀ ਵਾਯ 1-866-335-3237) ਤੇ ਮੁਫਤ ਫੋਨ ਕਰਕੇ ਸੰਪਰਕ ਕਰ ਸਕਦੇ ਹੋ।
- ਕੈਨੇਡਾ ਦੇ ਬਾਹਰ, 204-983-3500 ਜਾਂ 506-636-5064 ਤੇ ਫੋਨ ਕਰੋ
  (ਲੌਂਗ ਡਿਸਟੈਂਸ ਕੀਮਤ ਲਾਗੂ ਹੋਵੇਗੀ)।

## ਪ੍ਰਿਤਬੰਧਿਤ ਪਦਾਰਥ ਜੋ ਤੁਹਾਡੇ ਨਾਲ ਹੋ ਸਕਦੇ ਹਨ ਉਹਨਾਂ ਦੇ ਉਦਾਹਰਣ ਹਨ:



ਮਾਸ ਅਤੇ ਮਾਸ ਦੇ ਪਦਾਰਥ




ਕਰੀਮ, ਦੁੱਧ, ਪਨੀਰ (ਚੀਜ਼) ਅਤੇ ਹੋਰ ਦੁੱਧ ਦੇ ਪਦਾਰਥ



ਬੂਟੇ, ਦਰਖਤ ਅਤੇ ਕੱਟੇ ਫੁੱਲ



ਲੱਕੜ ਅਤੇ ਲੱਕੜ ਦੀਆਂ ਵਸਤਾਂ



ਫਲ ਅਤੇ ਸਬਜੀਆਂ



ਜਾਨਵਰਾਂ ਦੇ ਪਦਾਰਥ



ਪਾਲਤੂ ਜਾਨਵਰ, ਪੰਛੀ ਅਤੇ ਹੋਰ ਜ਼ਿੰਦਾ ਜਾਨਵਰ



ਖੁੱਨ੍ਹੀ ਮਿੱਟੀ ਵਾਲੇ ਸਾਰੇ ਪਦਾਰਥ

Cat. No.: A104-34/2011EPu-PDF ISBN 978-1-100-53007-9 P0639-08/11EPu Printed in Canada